DEPARTMENT NAME:- DISTRICT INDUSTRIES,CENTRE,BATALA
NAME OF GRIVANCE
NODAL OFFICER SH.SHIV DYAL,FUNCTIONAL MANAGAR.
MOBILE NO. 97804-00363

| SR .N O | SCHEME | DESCRIOTION OF SCHEME | ELIGIBILITY | SUPPORTING DOCUMENTS. |
|---|---|---|---|---|
| 1 | ਪ੍ਰਧਾਨ ਮੰਤਰੀ ਰੋਜ਼ਗਾਰ ਉਤਪਤੀ ਯੋਜਨਾ(ਪੀ.ਐਮ. ਈ.ਜੀ.ਪੀ) | ਇਸ ਸਕੀਮ ਤਹਿਤ ਉਦਮੀਆਂ ਨੂੰ ਉਦਯੋਗਕ ਅਤੇ ਸਰਵਿਸਿਜ਼ ਇਕਾਈਆਂ ਸਥਾਪਤ ਕਰਨ ਲਈ ਵੱਖ ਵੱਖ ਬੈਂਕਾਂ ਰਾਹੀਂ<br>ਉਦਯੋਗ ਲਈ 25 ਲੱਖ ਤੱਕ ਅਤੇ ਸਰਵਿਸ ਯੂਨਿਟ ਲਈ 10. ਲੱਖ ਰੁਪਏ ਤੱਕ ਦਾ ਕਰਜ਼ਾ ਦੁਆਇਆ ਜਾਂਦਾ ਹੈ।<br>ਇਸ ਸਕੀਮ ਤਹਿਤ<br>ਡੀ.ਆਈ.ਸੀ<br>ਕੇ.ਵੀ.ਆਈ.ਬੀ<br>ਕੇ.ਵੀ.ਆਈ.ਸੀ<br>ਏਜ਼ਸੀਆਂ ਨੂੰ ਕਰਜ਼ਾ ਕੇਸ ਪ੍ਰੇਸ਼ ਕੀਤੇ ਜਾਦੇ ਹਨ ਜੋ ਕਿ ਆਨਲਾਈਨ ਭੇਜੇ ਜਾਣੇ ਹਨ। ਆਨਲਾਈਨ ਕੇਸ ਭਰਨ ਲਈ<br>www.pmegp.e.portal<br>ਵੈਬਸਾਈਟ ਤੇ ਕੇਸ ਭਰੇ ਜਾ ਸਕਦੇ ਹਨ।<br>ਇਸ ਸਕੀਮ ਤਹਿਤ ਸ਼ਹਰੀ ਉਦਮੀ ਜਨਰਲ ਨੂੰ 15%,ਔਰਤ,ਐਸ.ਸੀ.ਬੀ.ਸੀ<br>ਹੈਂਡੀਕੈਪਡ,ਸਾਬਕਾ ਫੌਜੀ ਨੂੰ 25% ਸਬਸਿਡੀ ਉਪਲਭਧ ਹੈ। ਇੰਜ ਹੀ ਪੇਂਡੂ ਹਲਕੇ ਦੇ ਜਨਰਲ ਉਦਮੀ ਨੂੰ 25% ਅਤੇ ਔਰਤ,ਐਸ.ਸੀ.ਬੀ.ਸੀ<br>ਹੈਂਡੀਕੈਪਡ,ਸਾਬਕਾ ਫੌਜੀ ਨੂੰ<br>35% ਸਬਸਿਡੀ ਉਪਲਭਧ ਹੈ। ਇੰਜ ਹੀ ਜਨਰਲ ਉਦਮੀ ਨੂੰ ਪ੍ਰੋਜੈਕਟ ਕਾਸਟ ਦਾ 10% ਅਤੇ ਬਾਕੀਆਂ ਨੂੰ 5% ਮਾਰਜਨ ਵਜੋਂ ਬੈਂਕ ਵਿਚ ਜਮ੍ਹਾ ਕਰਵਾਉਂਣਾ ਹੁੰਦਾ ਹੈ। ਉਦਮੀ ਦਾ ਕੇਸ ਜਦੋਂ ਸਬੰਧਤ ਏਜੰਸੀ ਪਾਸ ਜਾਂਦਾ ਹੈ ਤਾਂ ਉਹ ਇਹਨਾ ਕੇਸਾਂ ਨੂੰ ਡਿਸਟਿਕ ਲੈਵਲ ਟਾਸਕ ਫੋਰਸ ਕਮੇਟੀ ਅੱਗੇ ਪ੍ਰਵਾਨਗੀ ਲਈ ਪੇਸ਼ ਕੀਤੇ ਜਾਂਦੇ ਹਨ। ਕਮੇਟੀ ਵੱਲੋਂ ਪ੍ਰਵਾਨਗੀ ਉਪਰੰਤ ਪ੍ਰਵਾਨ ਕੇਸ ਆਨਲਾਈਨ ਹੀ ਸਬੰਧਤ ਬੈਂਕ ਨੂੰ ਭੇਜਿਆ ਜਾਂਦਾ ਹੈ। ਬੈਂਕ ਵੱਲੋਂ ਕੇਸ ਮਨਜ਼ੂਰ ਕਰਨ ਉਪਰੰਤ ਉਦਮੀ ਨੂੰ ਪੀ.ਐਨ.ਬੀ.ਮੱਲੀਆਂ(ਜਿਲਾ ਅੰਮ੍ਰਿਤਸਰ) ਤੋਂ 10 ਦਿਨਾਂ ਦੀ ਟਰੇਨਿੰਗ ਲੈਣੀ ਪੈਂਦੀ ਹੈ। ਟਰੇਨਿੰਗ ਸਰਟੀਫਿਕੇਟ ਅਪਲੋਡ ਕਰਨ ਤੇ ਹੀ ਸਬੰਧਤ ਉਦਮੀ ਨੂੰ ਕੇਸ ਦੇ ਹਿਸਾਬ ਨਾਲ ਮਾਰਜਨ ਮਨੀ (ਸਬਸਿਡੀ) ਕੇ.ਵੀ.ਆਈ.ਸੀ ਵੱਲੋਂ ਦਿੱਤੀ ਜਾਂਦੀ ਹੈ। ਸਬਸਿਡੀ ਵੀ ਸਿੱਧੀ ਉਦਮੀ ਦੇ ਖਾਤੇ ਵਿਚ ਪੈਂ ਜਾਂਦੀ ਹੈ। ਤਿੰਨ ਸਾਲ ਇਕਾਈ ਦੇ ਚਲਦੇ ਰਹਿਣ ਦੀ ਸੂਰਤ ਵਿਚ ਸਬਸਿਡੀ ਉਦਮੀ ਦੇ ਖਾਤੇ ਵਿਚ ਅਡਜਸਟ ਹੋਵੇਗੀ। ਤਿੰਨ ਸਾਲ ਤੱਕ ਸਬਸਿਡੀ ਦੀ ਰਕਮ ਦੇ ਬਰਾਬਰ ਕਰਜ਼ੇ ਤੇ ਵਿਆਜ ਨਹੀਂ ਦਿੱਤਾ ਜਾਂਦਾ। | ੳ)ਇਸ ਸਕੀਮ ਤਹਿਤ ਪੜ੍ਹਿਆ ਲਿਖਿਆ/ਅਨਪੜ੍ਹ ਉਦਮੀ ਜਿਸ ਦੀ ਉਮਰ 18 ਸਾਲ ਦੀ ਹੋਵੇ,ਬਿਨੇਪੱਤਰ ਦੇ ਸਕਦਾ ਹੈ।<br>ਅ) ਪੜ੍ਹਿਆ ਲਿਖਿਆ (ਘੱਟ ਤੋਂ ਘੱਟ ਮਿਡਲ ਪਾਸ)ਉਦਮੀ ਉਦਯੋਗ ਲਈ 25 ਲੱਖ ਅਤੇ ਸਰਵਿਸ ਲਈ 10 ਲੱਖ ਰੁਪਏ ਅਤੇ ਇੰਜ ਹੀ ਅਨਪੜ੍ਹ ਉਦਮੀ ਨੂੰ ਉਦਯੋਗ ਲਈ 10 ਲੱਖ ਰੁਪਏ ਅਤੇ ਸਰਵਿਸ ਯੂਨਿਟ ਲਈ 5 ਲੱਖ ਰੁਪਏ ਤੱਕ ਦਾ ਕਰਜ਼ਾ ਮਿਲ ਸਕਦਾ ਹੈ। | ਇਸ ਸਕੀਮ ਤਹਿਤ ਅਧਾਰ ਕਾਰਡ,ਵਿਦਿਅਕ ਯੋਗਤਾ ਦਾ ਸਰਟੀਫਿਕੇਟ,ਪੇਂਡੂ ਹਲਕੇ ਲਈ ਪਾਪੂਲੇਸ਼ਨ ਸਰਟੀਫਕੇਟ ਜਿਸ ਵਿਚ ਇਹ ਦਰਜ ਹੋਵੇ ਕਿ ਪਿੰਡ ਦੀ ਅਬਾਦੀ 20 ਹਜ਼ਾਰ ਤੋਂ ਘੱਟ ਹੈ,ਪਾਸਪੋਰਟ ਫੋਟੋ, ਜਾਤੀ ਸਰਟੀਫਿਕੇਟ/ਹੈਂਡੀਕੈਪਡ ਸਰਟੀਫਿਕੇਟ ਆਦਿ।<br>ਨੋਟ:-ਬਿਨੇਪੱਤਰ www.pmegp.e.portal ਤੇ ਵੈਬਸਾਈਟ ਤੇ ਆਨਲਾਈਨ ਭਰਿਆ ਜਾਣਾ ਹੈ ਅਤੇ ਉਸ ਵਿਚ ਦਰਸਾਏ ਕਾਲਮਾਂ ਨੂੰ ਭਰਨਾ ਹੁੰਦਾ ਹੈ। |

Superintendent
For General Manager
Distt. Industries Centor
Batala.